بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.07.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਮਾਮੂਰ ਦੀਆਂ ਗੱਲਾਂ ਉਪੱਰ ਅਮਲ ਕਰਨਾ ਮੋਮਿਨਾ ਦਾ ਫ਼ਰਜ਼ ਹੈ

## ਆਪਣੀਆਂ ਵਿਆਖਿਆਵਾਂ ਕਰਨ ਦੀ ਥਾਂ ਸ਼ਬਦ ਰੂਪ ਅਮਲ ਕੀਤਾ ਜਾਵੇ ਤਾਂ ਈਮਾਨ ਨਸ਼ਟ ਨਹੀਂ ਹੁੰਦਾ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਜੁਲਾਈ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਇਸ ਸਮੇਂ ਮੈਂ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੀਆਂ ਵਰਨਣ ਕੀਤੀਆਂ ਕੁਝ ਗਲੱਾਂ ਜੋ ਹਜ਼ਰਤ ਮਸੀਹ ਮਊਦ ਅਲੈਹਿਸੱਲਾਮ ਅਤੇ ਆਪ ਦੇ ਸਹਾਬਾ ਨਾਲ ਸੰਬੰਧਤ ਹਨ ਵਰਨਣ ਕਰਾਂਗਾ ।

ਤਜ਼ਕਰੇ ਵਿੱਚ 9 ਫ਼ਰਵਰੀ 1908 ਈ. ਦੀ ਮਿਤੀ ਹੇਠ ਇਹ ਇਲਹਾਮ ਲਿੱਖਿਆ ਹੋਇਆ ਹੈ (لَا تَقْتُلُوْا زَیْنَبَ) "ਲਾ ਤਕਤੁਲੂ ਜ਼ੈਨਬ" ਇਸਦਾ ਘਟਨਾ ਕਰਮ ਤੇ ਵਿਆਖਿਆ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਨੇ ਇਕ ਥਾਂ ਇਉਂ ਵਰਨਣ ਕੀਤੀ ਹੈ ਕਿ 1908 ਈ. ਦੇ ਅਰੰਭ ਵਿੱਚ ਹਾਫ਼ਜ਼ ਅਹਮਦੁੱਲਾਹ ਖ਼ਾਂਨ ਸਾਹਬ ਮਰਹੂਮ ਦੀਆਂ ਦੋ ਲੜਕੀਆਂ ਦਾ ਵਿਆਹ ਨਿਰਧਾਰਤ ਹੋਇਆ ਜਿੰਨ੍ਹਾ ਵਿੱਚੋਂ ਵੱਡੀ ਲੜਕੀ ਦਾ ਨਾਂ 'ਜ਼ੈਨਬ' ਅਤੇ ਛੋਟੀ ਦਾ ਨਾਂ 'ਕੁਲਸੂਮ' ਸੀ । ਜ਼ੈਨਬ ਬਾਰੇ ਹੋਰ ਵੀ ਲੋਕਾਂ ਦੀ ਇਛੱਾ ਸੀ । ਇਕ ਰਿਸ਼ਤਾ ਸ਼ੇਖ਼ ਅਬਦੁਰ ਰਹਿਮਾਨ ਮਿਸਰੀ ਵੱਲੋਂ ਵੀ ਆਇਆ ਹੋਇਆ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਹਨਾ ਦਾ ਵਿਆਹ ਮਿਸਰੀ ਸਾਹਬ ਨਾਲ ਪਸੰਦ ਨਹੀਂ ਕੀਤਾ ਸੀ ਕਿ ਜ਼ੈਨਬ ਦਾ ਵਿਆਹ ਉਹਨਾਂ ਨਾਲ ਨ ਹੋਵੇ ਪਰ ਆਪਣੇ ਸੁਭਾਵ ਅਨੁਸਾਰ ਜਿਵੇਂ ਜ਼ੋਰ ਦਿਆ ਕਰਦੇ ਸਨ ਬਹੁਤਾ ਜ਼ੋਰ ਨ ਦਿਤੱਾ । ਬਹਿਰਹਾਲ ਉਹਨਾਂ ਨੇ ਆਪਣੀ ਇਸ ਪੁਤੱਰੀ ਦਾ ਵਿਆਹ ਮਿਸਰੀ ਸਾਹਬ ਨਾਲ ਕਰ ਦਿੱਤਾ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਲਿਖਦੇ ਹਨ ਕਿ ਇਹ ਮਿਤੀ ਉਸੇ ਪ੍ਰਕਾਰ ਸੁਰੱਖਿਅਤ ਰਹੀ ਕਿ ਮਿਸਰੀ ਸਾਹਬ ਦਾ ਨਿਕਾਹ ਦੋ ਹੋਰ ਨਿਕਾਹਾਂ ਨਾਲ ਉਸੇ ਦਿਨ ਹੋਇਆ ਸੀ ਜਿਸ ਦਿਨ ਸਾਡੀ ਭੈਣ ਮੁਬਾਰਕਾ ਬੇਗ਼ਮ ਦਾ ਨਿਕਾਹ ਹੋਇਆ ਸੀ ਅਤੇ ਉਹ 17 ਫ਼ਰਵਰੀ ਸੀ । ਰੱਬ ਦੀ ਇਸ ਇਲਹਾਮ ਨਾਲ ਇਹ ਇਛੱਾ ਸੀ ਕਿ ਇਸ ਮਨੁੱਖ ਨਾਲ ਇਕ ਵੱਡਾ ਫ਼ਸਾਦ ਪੈਦਾ ਹੋਣ ਵਾਲਾ ਹੈ ਕਿਉਂਕਿ ਬਾਦ ਵਿੱਚ ਮਿਸਰੀ ਸਾਹਬ ਰਾਹੀਂ ਫ਼ਿਤਨਾ ਪੈਦਾ ਹੋਇਆ । ਇਸ ਗੱਲ ਦੇ ਪ੍ਰਮਾਣ ਮੌਜੂਦ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੇ ਹਾਫ਼ਜ਼ ਅਹਮਦੁਲੱਾਹ ਸਾਹਬ ਨੂੰ ਇਹੋ ਸਲਾਹ ਦਿੱਤੀ ਸੀ । ਸੋ, ਜੱਦ ਮਿਸਰੀ ਸਾਹਬ

ਜਮਾਤ ਤੋਂ ਅੱਡ ਹੋਏ ਹਨ ਤਾਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਪੀਰ ਮਨਜ਼ੂਰ ਮੁਹਮੱਦ ਸਾਹਬ ਨੇ ਮੈਨੂੰ ਸੰਦੇਸ਼ ਭੇਜਿਆ ਕਿ ਮੇਰੇ ਸਾਹਮਣੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹਾਫ਼ਜ਼ ਅਹਮਦੁਲੱਾਹ ਸਾਹਬ ਨੂੰ ਇਹੋ ਕਿਹਾ ਸੀ ਕਿ ਸ਼ੇਖ਼ ਅਬਦੁਰ ਰਹਿਮਾਨ ਸਾਹਬ ਨਾਲ ਵਿਆਹ ਨੇ ਕੀਤਾ ਜਾਏ ਪਰ ਜੱਦ ਹਾਫ਼ਜ਼ ਸਾਹਬ ਨੇ ਇਸ ਗੱਲ ਨੂੰ ਨ ਮੰਨਿਆ ਅਤੇ ਇਸ ਥਾਂ ਉਸ ਲੜਕੀ ਦਾ ਵਿਆਹ ਕਰ ਦਿਤੱ ਤਾਂ ਮੈਨੂੰ ਬਹੁਤ ਗੁੱਸਾ ਆਇਆ ਅਤੇ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਮੈਂ ਕਿਹਾ ਕਿ ਹਜ਼ੂਰ ਰੱਬ ਦੇ ਭੇਜੇ ਮਾਮੂਰ (ਸਮਰਪਿਤ) ਹਨ ਅਤੇ ਰੱਬ ਦੀ ਆਗਿਆ ਹੈ ਕਿ ਜੱਦ ਮਾਮੂਰ ਇਕ ਗੱਲ ਕਹਿ ਦੇਵੇ ਤਾ ਸਾਰਿਆਂ ਮੋਮਿਨਾ ਨੂੰ ਚਾਹੀਦਾ ਹੈ ਕਿ ਉਸ'ਤੇ ਅਮਲ ਕਰਨ ਪਰ ਹਾਫ਼ਜ਼ ਅਹਮਦੁੱਲਾਹ ਸਾਹਬ ਨੇ ਅਵਗਿਆ ਕੀਤੀ ਹੈ । ਇਸ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਗੱਲ ਤਾਂ ਆਪ ਨੇ ਜੋ ਕਹੀ ਹੈ ਠੀਕ ਹੈ ਪਰ ਅਜਿਹੇ ਮਾਮਲਿਆਂ ਵਿੱਚ ਮੈਂ ਦਖ਼ਲ ਨਹੀਂ ਦਿਆ ਕਰਦਾ । ਇਕ ਵਾਰ ਹਜ਼ਰਤ ਖ਼ਲੀਫ਼ਾ ਅਵੱਲ ਦੇ ਸਮੇਂ ਵਿੱਚ ਸ਼ੇਖ਼ ਮਿਸਰੀ ਸਾਹਬ ਨੇ ਬਾਜ਼ਾਰ ਵਿੱਚ ਆਪਣੇ ਸਹੁਰੇ ਨੂੰ ਮਾਰਿਆ ਜਿਸ'ਤੇ ਹਜ਼ਰਤ ਖ਼ਲੀਫ਼ਾ ਅਵੱਲ ਮਿਸਰੀ ਸਾਹਬ ਤੋਂ ਸਖ਼ਤ ਨਾਰਾਜ਼ ਹੋ ਗਏ ਅਤੇ ਮੈਂ ਅਨੇਕਾਂ ਵਾਰ ਮਿਨਤਾਂ ਕਰਕੇ ਉਹਨਾਂ ਨੂੰ ਮੁਆਫ਼ ਕਰਵਾਇਆ ।

ਸੋ, ਇਸ ਇਲਹਾਮ ਦੇ ਇਹ ਅਰਥ ਵੀ ਸਨ ਕਿ ਤੁਸੀਂ ਜ਼ੈਨਬ ਦਾ ਵਿਆਹ ਸ਼ੇਖ਼ ਮਿਸਰੀ ਸਾਹਬ ਨਾਲ ਨ ਕਰੋ ਉਸ ਦਾ ਈਮਾਨ ਵੀ ਨਸ਼ਟ ਹੋ ਜਾਵੇਗਾ । ਸੋ, ਘਟਨਾਵਾਂ ਨੇ ਸਾਬਤ ਕਰ ਦਿੱਤਾ ਕਿ ਇਸ ਵਿਆਹ ਨਾਲ ਉਸ ਦਾ ਈਮਾਨ ਵੀ ਨਸ਼ਟ ਹੋ ਗਿਆ ।

ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਨੇ ਫ਼ਰਮਾਇਆ : ਮਿਸਰੀ ਸਾਹਬ ਦਾ ਜਮਾਤ ਵਿੱਚ ਸਥਾਨ ਦਾ ਅਨੁਮਾਨ ਇਸ ਤੋਂ ਲਾਓ ਕਿ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਆਪ ਵਰਨਣ ਫ਼ਰਮਾਇਆ ਕਿ ਇਕ ਮਿਤੱਰ ਨੇ ਅਫ਼ਰੀਕਾ'ਚੋਂ ਮੈਨੂੰ ਪਤੱਰ ਲਿੱਖਿਆ ਕਿ ਮਿਸਰੀ ਸਾਹਬ ਦਾ ਜਮਾਤ ਵਿੱਚੋਂ ਅੱਡ ਹੋਣ'ਤੇ ਮੈਨੂੰ ਸਖ਼ਤ ਘਬਰਾਹਟ ਹੈ ਕਿ ਜੱਦ ਐਨ੍ਹੇ ਵੱਡੇ ਮਨੁੱਖ ਦਾ ਈਮਾਨ ਨਸ਼ਟ ਹੋ ਗਿਆ ਤਾਂ ਸਾਡੇ ਈਮਾਨ ਦੀ ਕੀ ਵਾਸਤਵਿਕਤਾ ਹੈ । ਇਸ'ਤੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਮੈਂ ਓਹਨਾ ਨੂੰ ਲਿੱਖਿਆ ਕਿ ਵੱਡਿਆਈ ਦਾ ਨਿਰਣਾ ਕਰਨਾ ਰੱਬ ਦਾ ਕੰਮ ਹੈ ਤੁਹਾਡਾ ਨਹੀਂ ਜੱਦ ਰੱਬ ਨੇ ਆਪਣੇ ਅਮਲਾਂ ਰਾਹੀਂ ਉਹਨਾਂ ਨੂੰ ਜਮਾਤ ਤੋਂ ਅੱਡ ਕਰ ਦਿੱਤਾ ਜਿੰਨ੍ਹਾ ਨੂੰ ਤੁਸੀਂ ਵੱਡਾ ਸਮਝਦੇ ਸੀ ਅਤੇ ਆਪ ਨੂੰ ਜਮਾਤ ਵਿੱਚ ਰੱਖਿਆ ਤਾਂ ਸਾਬਤ ਹੋਇਆ ਕਿ ਵੱਡੇ ਆਪ ਹਨ ਉਹ ਨਹੀਂ । ਬਹਿਰਹਾਲ ਜੱਦ ਤੱਕ ਮਿਸਰੀ ਸਾਹਬ ਜਮਾਤ ਵਿੱਚ ਸਨ ਬਹੁਤ ਮਹਤੱਵਪੂਰਨ ਸਮਝੇ ਜਾਂਦੇ ਸਨ ਅਤੇ ਅੱਜ ਅਸੀਂ ਦੇਖਦੇ ਹਾਂ ਕਿ ਕੋਈ ਉਕੱਤ ਨਹੀਂ ।

ਸੋ, ਮਾਮੂਰ ਦੀਆਂ ਗੱਲਾਂ'ਤੇ ਅਮਲ ਕਰਨਾ ਮੋਮਿਨਾ ਦਾ ਫ਼ਰਜ਼ ਹੈ ਅਤੇ ਉਸਨੂੰ ਸਮਝਣਾ ਚਾਹੀਦਾ ਹੈ ਅਤੇ ਆਪਣੀਆਂ ਵਿਆਖਿਆਵਾਂ ਕਰਨ ਦੀ ਥਾਂ ਸ਼ਬਦ ਰੂਪ ਅਮਲ ਕੀਤਾ ਜਾਏ ਤਾਂ ਈਮਾਨ ਨਸ਼ਟ ਨਹੀਂ ਹੁੰਦਾ । ਹਜ਼ਰਤ ਮੁਸਲਿਹ ਮਊਦ ਫਿਰ ਇਕ ਹੋਰ ਘਟਨਾ ਵਰਨਣ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਮੌਲਵੀ ਮੁਹਮੱਦ ਅਹਸਨ ਸਾਹਬ ਦੇ ਸੁਭਾਵ ਵਿੱਚ ਬਹੁਤ ਜਲਦਬਾਜ਼ੀ ਸੀ । ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਸਰਾਵਾਂ ਵੱਲ ਸੈਰ ਲਈ ਗਏ ਤਾਂ ਆਪ ਨੇ ਫ਼ਰਮਾਇਆ ਸੈਰ ਸਮੇਂ ਰੱਬ ਦੇ ਕਲਾਮ ਅਤੇ ਬੰਦੇ ਦੇ ਕਲਾਮ ਵਿੱਚ ਬਹੁਤ ਅੰਤਰ ਹੁੰਦਾ ਹੈ । ਆਪ ਅਲੈਹਿ ਸਲਾਮ ਨੇ ਆਪਣਾ ਇਕ ਇਲਹਾਮ ਸੁਣਾਇਆ ਅਤੇ ਫ਼ਰਮਾਇਆ ਦੇਖ ਲਓ ਇਹ ਵੀ ਇਕ ਇਲਹਾਮ ਹੈ ਅਤੇ ਇਸ ਦੇ ਟਾਕਰੇ'ਤੇ ਹਰੀਰੀ ਦਾ ਵੀ ਕਲਾਮ ਮੌਜੁਦ ਹੈ । ਮੌਲਵੀ ਮੁਹਮੱਦ ਅਹਸਨ ਸਾਹਬ ਨੇ ਗੱਲ ਦਾ ਅੰਤਮ ਭਾਗ ਗ਼ੌਰ ਨਾਲ ਨ ਸੁਣਿਆ ਅਤੇ ਇਲਹਾਮ ਬਾਰੇ ਵਿਚਾਰ ਕਰ ਲਿਆ ਕਿ ਇਹ ਹਰੀਰੀ ਦਾ ਕਲਾਮ ਹੈ । ਕਹਿਣ ਲੱਗੇ ਉਕੱਾ ਹੀ ਵਿਅਰਥ ਹੈ, ਪਰ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਤਾਂ ਰੱਬ ਦਾ ਇਲਹਾਮ ਹੈ ਤਾਂ ਮੌਲਵੀ ਸਾਹਬ ਝੱਟ ਬੋਲ

ਉਠਿ ਸੁਬਹਾਨਲੱਾਹ ਕਿੰਨ੍ਹਾ ਹੀ ਸੋਹਣਾ ਕਲਾਮ ਹੈ । ਸੋ, ਕਿਸੇ ਵੀ ਗੱਲ ਬਾਰੇ ਆਪਣੀ ਰਾਏ ਕਾਇਮ ਕਰਨੀ ਹੋਵੇ ਤਾਂ ਕਾਹਲ਼ੀ ਤੋਂ ਕੰਮ ਨਹੀਂ ਲੈਣਾ ਚਾਹੀਦਾ ।

ਹਜ਼ਰਤ ਮੁਸਲਿਹ ਮੌਊਦ ਕਹਿੰਦੇ ਹਨ ਕਿ ਮੌਲਵੀ ਮੁਹਮੱਦ ਹੁਸੈਨ ਬਟਾਲਵੀ ਸਾਹਬ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਿਤੱਰ ਸਨ । ਆਪ ਦੇ ਦਾਵੇ ਦੇ ਬਾਦ ਉਹਨਾਂ ਨੇ ਕਿਹਾ ਕਿ ਮੈਂ ਹੀ ਇਸ ਮਨੁੱਖ ਨੂੰ ਚੁੱਕਿਆ ਹੈ ਅਤੇ ਮੈਂ ਹੀ ਇਸ ਨੂੰ ਡਿਗਾਵਾਂਗਾ ਪਰ ਰੱਬ ਨੇ ਉਹਨਾਂ ਦਾ ਨਾਂ ਤਾਂ ਮਿਟਾ ਦਿੱਤਾ ਅਰਥਾਤ ਮੌਲਵੀ ਮੁਹਮੱਦ ਹੁਸੈਨ ਦਾ । ਅਤੇ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਦਾ ਨਾਂ ਸੰਸਾਰ ਭਰ ਵਿੱਚ ਫੈਲਾ ਦਿੱਤਾ । ਹਜ਼ਰਤ ਮੁਸਲਿਹ ਮਊਦ ਫਰਮਾਉਂਦੇ ਹਨ ਕਿ ਮੌਲਵੀ ਮੁਹਮੱਦ ਹੋਸੈਨ ਬਟਾਲਵੀ ਸਾਹਬ ਦਾ ਇਕ ਪੁਤੱਰ ਆਰਿਆ ਹੋ ਗਿਆ । ਹਜ਼ਰਤ ਮੁਸਲਿਹ ਮੌਊਦ ਕਹਿੰਦੇ ਹਨ ਕਿ ਮੈਂ ਉਸਨੂੰ ਕਾਦੀਆਂ ਬੁਲਾਇਆ ਅਤੇ ਉਸਨੂੰ ਮੁੜ੍ਹ ਮੁਸਲਮਾਨ ਕੀਤਾ । ਮੌਲਵੀ ਮੁਹਮੱਦ ਹੁਸੈਨ ਸਾਹਬ ਨੇ ਇਸ ਗੱਲ'ਤੇ ਮੈਂਨੂੰ ਧੰਨਵਾਦ ਦਾ ਪਤੱਰ ਵੀ ਲਿੱਖਿਆ ।

ਅੰਦਰੂਨੀ ਤੇ ਬਾਹਰੀ ਵਿਰੋਧਤਾਵਾਂ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਸਮੇਂ ਤੋਂ ਵਿਰੋਧਤਾ ਚੱਲ ਰਹੀ ਹੈ ਪਰ ਜਮਾਤ ਤਰੱਕੀ ਕਰ ਰਹੀ ਹੈ । ਸਗੋਂ ਅੱਜ ਤੱਕ ਅਸੀਂ ਦੇਖਦੇ ਹਾਂ ਕਿ ਵੱਖ ਵੱਕ ਸਾਜ਼ਸ਼ਾਂ ਅਤੇ ਵਿਰੋਧਤਾਵਾਂ ਦੀ ਲੜੀ ਜਾਰੀ ਹੈ ਪਰ ਰੱਬ ਦੀ ਅਪਾਰ ਕ੍ਰਿਪਾ ਨਾਲ ਜਮਾਤ ਤਰੱਕੀ ਕਰ ਰਹੀ ਹੈ । ਹਜ਼ਰਤ ਮੁਸਲਿਹ ਮੌਊਦ ਨੇ ਫ਼ਰਮਾਇਆ ਕਿ ਜਮਾਤ ਕੰਡਿਆਂ ਉਪੱਰੋ ਲੰਘਦੀ ਹੋਈ ਇਸ ਅਸਥਾ ਨੂੰ ਪਹੁੰਚੀ ਹੈ ਅਤੇ ਇਹ ਗੱਲ ਦਸੱਦੀ ਹੈ ਕਿ ਰੱਬ ਦੀ ਮਿਹਰ ਹਮੇਸ਼ਾ ਜਮਾਤ ਨਾਲ ਰਹੀ ਹੈ ਪਰ ਇਸ ਮਿਹਰ ਨੂੰ ਨਿਰੰਤਰ ਤੇ ਸਦੈਵੀ ਕਰਨ ਲਈ ਜਮਾਤ ਨੂੰ ਸਦਾ ਦੁਆਵਾਂ ਵਿੱਚ ਲੱਗੇ ਰਹਿਣਾ ਚਾਹੀਦਾ ਹੈ । ਜੇਕਰ ਅਸੀਂ ਦੁਆਵਾਂ ਦਾ ਹਕ ਪੂਰਾ ਕਰਦੇ ਰਹੇ ਤਾਂ ਇੰਸ਼ਾਅੱਲਾਹ ਤਆਲਾ ਵਰਤਮਾਨ ਸਮੇਂ ਵਿੱਚ ਵੀ ਅਤੇ ਭਵਿੱਖ ਵਿੱਚ ਵੀ ਹੋਣ ਵਾਲੀਆਂ ਸਾਰੀਆਂ ਵਿਰੋਧਤਾਵਾਂ ਖ਼ੁਦ ਆਪਣੀ ਮੌਤ ਮਰ ਜਾਣਗੀਆਂ ।

ਇਕ ਮੌਕੇ ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਰਜ਼ੀ ਅਲੱਾਹ ਅਨਹੁ ਦੀ ਅਦੁੱਤੀ ਕੁਰਬਾਨੀ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਖ਼ਲੀਫ਼ਾ ਅਵੱਲ ਰਜ਼ੀ ਅਲੱਾਹ ਅਨਹੁ ਨੂੰ ਰੱਬ ਨੇ ਇਕ ਉੱਤਮ ਦਰਜੇ ਦੀ ਮੁਲਾਜ਼ਮਤ ਪ੍ਰਦਾਨ ਕੀਤੀ ਹੋਈ ਸੀ । ਉਹ ਖ਼ਤਮ ਹੋਈ ਤਾਂ ਆਪਨੇ ਆਪਣੇ ਵਤਨ ਵਿੱਚ ਪ੍ਰੈਕਟਿਸ ਅਰੰਭ ਕੀਤੀ । ਓਥੇ ਆਪਦੀ ਬਹੁਤ ਪ੍ਰਸਿੱਧੀ ਸੀ । ਆਪ ਦਾ ਵਤਨ ਭੇਰਾ ਸਰਗੋਧੇ ਦੇ ਜ਼ਿਲੇ ਵਿੱਚ ਹੈ ਜਿੱਥੇ ਵੱਡੇ ਵੱਡੇ ਜ਼ਿਮੀਦਾਰ ਹਨ ਅਤੇ ਉਹਨਾਂ ਵਿੱਚੋਂ ਬਹੁਤੇ ਆਪ'ਤੇ ਸ਼ਰਧਾ ਰੱਖਦੇ ਸਨ । ਸੋ, ਉੱਥੇ ਕੰਮ ਚਲੱਣ ਦਾ ਬਹੁਤ ਮੌਕਾ ਸੀ ਪਰ ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਿਲਣ ਲਈ ਕਾਦੀਆਂ ਆਏ । ਕੁਝ ਦਿਨਾਂ ਬਾਦ ਪਰਤਨ ਦਾ ਨਿਸ਼ਚਾ ਕੀਤਾ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਦੁਨੀਆ ਦਾ ਬਹੁਤ ਕੁਝ ਆਪ ਨੇ ਦੇਖ ਲਿਆ ਹੈ ਹੁਣ ਐਥੇ ਹੀ ਆਣ ਬੈਠੋ । ਆਪ ਨੇ ਇਸ ਆਦੇਸ਼ ਉਪੱਰ ਅਮਲ ਕੀਤਾ । ਅਜਿਹਾ ਅਮਲ ਕੀਤਾ ਕਿ ਖ਼ੁੱਦ ਸਾਮਾਨ ਲੈਣ ਲਈ ਵੀ ਵਾਪਸ ਨ ਗਏ ਸਗੋਂ ਦੂਜੇ ਮਨੁੱਖ ਨੂੰ ਭੇਜ ਕੇ ਸਾਮਾਨ ਮੰਗਵਾਇਆ । ਇਸ ਜੁੱਗ ਵਿੱਚ ਏਥੇ ਪ੍ਰੈਕਟਿਸ ਚਲੱਣ ਦੀ ਵੀ ਕੋਈ ਆਸ਼ਾ ਨਹੀਂ ਸੀ ਸਗੋਂ ਏਥੇ ਤਾਂ ਇਕ ਪੈਸਾ ਦੇਣ ਦੀ ਸਮਰਥਾ ਰਖੱਣ ਵਾਲਾ ਵੀ ਕੋਈ ਨਹੀਂ ਸੀ ਪਰ ਆਪ ਨੇ ਕਿਸੇ ਗੱਲ ਦੀ ਪਰਵਾਹ ਨਹੀਂ ਕੀਤੀ ਫਿਰ ਵੀ ਆਪ ਦੀ ਪ੍ਰਸਿੱਧੀ ਅਜਿਹੀ ਸੀ ਕਿ ਬਾਹਰੋਂ ਰੋਗੀ ਆਪ ਕੋਲ ਪਹੁੰਚ ਜਾਂਦੇ ਸਨ ਅਤੇ ਇਸ ਪ੍ਰਕਾਰ ਕੋਈ ਨ ਕੋਈ ਅਵਸਥਾ ਆਮਦ ਦੀ ਬਣ ਜਾਂਦੀ ਸੀ ਪਰ ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਦੀ ਕੁਰਬਾਨੀ ਅਜਿਹੇ ਰੰਗ ਦੀ ਸੀ ਕਿ ਕੋਈ ਆਮਦ ਦਾ ਸਾਧਨ ਨਹੀਂ ਸੀ ਕਿਤੋਂ ਕੋਈ ਫ਼ੀਸ ਦੀ ਆਸ਼ਾ ਨਹੀਂ ਸੀ ਨ ਕੋਈ ਤਨਖ਼ਵਾਹ ਸੀ ਨ ਕੋਈ ਵਜ਼ੀਫ਼ਾ । ਕਿਸੇ ਪਾਸਿਓਂ ਵੀ ਕਿਸੇ ਆਮਦ ਦਾ ਕੋਈ ਸਾਧਨ ਨਹੀਂ ਸੀ, ਪਰ ਉਹ ਹਜ਼ਰਤ ਮਸੀਹ ਮੌਊਦ ਅਲੈਹਿ

ਸਲਾਮ ਦੇ ਸੈਕ੍ਰੇਟਰੀ ਦੇ ਰੂਪ ਵਿੱਚ ਕੰਮ ਕਰਦੇ ਸਨ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਸ ਸਮੇਂ ਜਿੰਨ੍ਹੇ ਕੰਮ ਸਾਰੇ ਵਿਭਾਗ ਕਰ ਰਹੇ ਹਨ ਅਰਥਾਤ ਜਮਾਤੀ ਅਦਾਰੇ ਇਹ ਉਹ ਸਾਰੇ ਇਕੱਲੇ ਹੀ ਕੀਤਾ ਕਰਦੇ ਸਨ ਹਾਲਾਂਕਿ ਗੁਜ਼ਾਰੇ ਦੀ ਕੋਈ ਅਵਸਥਾ ਨਹੀਂ ਸੀ ਅਤੇ ਇਹ ਵੀ ਮਾਰੂਥਲਾਂ ਵਿੱਚ ਜਾਨ ਕੁਰਬਾਨ ਕਰਨ ਵਾਲੀ ਗੱਲ ਹੈ । ਸੋ, ਇਹ ਉਧਾਰਣਾਂ ਹਨ ਸਾਡੇ ਬਜ਼ੁਰਗਾਂ ਦੀਆਂ ਜਿੰਨ੍ਹਾ ਦੀ ਅਸੀਂ ਵਾਕਫ਼ੀਨ ਜੀਵਨ ਨੂੰ ਸਮੇਂ ਸਮੇਂ ਆਪਣੇ ਸਾਹਮਣੇ ਰੱਖਦਿਆਂ ਹੋਇਆਂ ਗ਼ੌਰ ਕਰਨਾ ਚਾਹੀਦਾ ਹੈ ।

ਫਿਰ ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਦਾ ਜੋ ਆਪ ਅਲੈਹਿ ਸਲਾਮ ਨਾਲ ਪ੍ਰੇਮ ਸੀ ਇਸ ਬਾਰੇ ਹਜ਼ਰਤ ਮੁਸਲਿਹ ਮੌਊਦ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਨਾਲ ਮੌਲਵੀ ਅਬਦੁਲ ਕਰੀਮ ਸਾਹਬ ਨੂੰ ਵਿਸ਼ੇਸ਼ ਇਸ਼ਕ ਸੀ ਅਤੇ ਅਜਿਹਾ ਪ੍ਰੇਮ ਸੀ ਕਿ ਉਸ ਨੂੰ ਉਹੋ ਲੋਕ ਸਮਝ ਸਕਦੇ ਹਨ ਜਿੰਨ੍ਹਾ ਨੇ ਉਸ ਜੁੱਗ ਨੂੰ ਦੇਖਿਆ ਹੈ । ਦੂਜੇ ਲੋਕ ਇਸ ਦਾ ਅੰਦਾਜ਼ਾ ਵੀ ਨਹੀਂ ਲਗਾ ਸਕਦੇ । ਉਹ ਅਜਿਹੇ ਸਮੇਂ ਵਿੱਚ ਫ਼ੌਤ ਹੋਏ ਜੱਦ ਮੇਰੀ ਉਮਰ ਸੋਲ੍ਹਾਂ ਸਤਾਰ੍ਹਾਂ ਵੱਰ੍ਹਿਆਂ ਦੀ ਸੀ ਅਤੇ ਜਿਸ ਸਮੇਂ ਮੈਂ ਉਹਨਾਂ ਦੇ ਪ੍ਰੇਮ ਨੂੰ ਸ਼ਨਾਖ਼ਤ ਕੀਤਾ ਉਸ ਸਮੇਂ ਮੇਰੀ ਉਮੱਰ ਬਾਰ੍ਹਾਂ ਤੇਰ੍ਹਾਂ ਵਰ੍ਹੇ ਦੀ ਹੋਵੇਗੀ । ਅਰਥਾਤ ਬਚਪੁਣੇ ਦੀ ਉਮਰ ਸੀ ਪਰ ਇਹ ਹੁੰਦਿਆਂ ਹੋਇਆਂ ਵੀ ਮੇਰੇ ਉਪੱਰ ਇਸ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਹੈ ਕਿ ਮੌਲਵੀ ਸਾਹਬ ਦੀਆਂ ਦੋ ਚੀਜ਼ਾਂ ਮੈਂਨੂੰ ਕਦੇ ਨਹੀਂ ਭੁਲਦੀਆਂ । ਇਕ ਤਾਂ ਉਹਨਾਂ ਦਾ ਪਾਣੀ ਪੀਣਾ ਅਤੇ ਇਕ ਹਜ਼ਰਤ ਮਸੀਹ ਮੌਊਦ ਅਲੈਹਿਸੱਲਾਮ ਨਾਲ ਉਹਨਾਂ ਦਾ ਅਥਾਹ ਪ੍ਰੇਮ । ਆਪ ਠੰਡਾ ਪਾਣੀ ਬਹੁਤ ਪਸੰਦ ਕਰਦੇ ਸਨ ਅਤੇ ਉਸ ਨੂੰ ਬਹੁਤ ਚਾਉ ਨਾਲ ਪੀਂਦੇ ਸਨ ਅਤੇ ਪੀਂਦੇ ਸਮੇਂ ਗੱਟ ਗੱਟ ਦੀ ਅਜਿਹੀ ਆਵਾਜ਼ ਆਇਆ ਕਰਦੀ ਸੀ ਸੰਭਵਤਾ ਰੱਬ ਨੇ ਉਹਨਾਂ ਲਈ ਸਵਰਗਾਂ ਦੀਆਂ ਨੇਮਤਾਂ ਇਕੱਤਰ ਕਰਕੇ ਭੇਜ ਦਿੱਤਾ ਹੈ । ਕੁਝ ਘੁੱਟ ਭਰ ਲੈਣ ਮਗਰੋਂ ਅਲਹਮਦੁ ਲਿਲੱਾਹ, ਅਲਹਮਦੁ ਲਿਲੱਾਹ ਕਰਦੇ ਸਨ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਸ ਮਸਜਿਦ ਅਕਸਾ ਦੇ ਖੂਹ ਦਾ ਪਾਣੀ ਬਹੁਤ ਪ੍ਰਸਿੱਧ ਸੀ । ਹੁਣ ਤਾਂ ਪਤਾ ਨਹੀਂ ਲੋਕ ਕਿਉਂ ਉਸ ਦਾ ਨਾਂ ਨਹੀਂ ਲੈਂਦੇ । ਆਪਦਾ ਤਰੀਕਾ ਇਹ ਸੀ ਕਿ ਕਹਿੰਦੇ ਸਨ ਕਿ ਭਾਈ ਕੋਈ ਪੁੰਨ ਕਮਾਓ ਅਤੇ ਪਾਣੀ ਲਿਆਓ । ਜੱਦ ਹਜ਼ਰਤ ਮਸੀਹ ਮੌਊਦ ਅਲੈਹਿਸੱਲਾਮ ਆਪ ਮੌਜੂਦ ਹੁੰਦੇ ਸੰਗਤ ਵਿੱਚ ਤਾਂ ਹੋਰ ਗੱਲ ਸੀ ਨਹੀਂ ਤਾਂ ਆਪ ਸੀੜ੍ਹੀਆਂ ਉਪਰ ਆਣ ਕੇ ਉਡੀਕ ਵਿੱਚ ਖੜੇ ਹੋ ਜਾਂਦੇ ਅਤੇ ਪਾਣੀ ਲਿਆਉਣ ਵਾਲੇ ਤੋਂ ਲੋਟਾ (ਪਾਣੀ ਦਾ ਭਾਂਡਾ) ਲੈਕੇ ਮੂੰਹ ਨੂੰ ਲਾ ਲੈਂਦੇ । ਦੂਜੀ ਗੱਲ ਜੋ ਸੀ ਆਪ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸੰਗਤ ਵਿੱਚ ਬੈਠੇ ਹੁੰਦੇ ਤਾਂ ਇਉਂ ਮਲੂਮ ਹੁੰਦਾ ਕਿ ਆਪ ਦੀਆਂ ਅਖੱਾਂ ਹਜ਼ੂਰ ਦੇ ਸ਼ਰੀਰ ਵਿੱਚੋਂ ਕੁਝ ਲੈਕੇ ਖਾ ਰਹੀਆਂ ਹਨ । ਉਸ ਸਮੇਂ ਸੰਭਵਤਾ ਆਪ ਦੇ ਚਿਹਰੇ ਉਪੱਰ ਖ਼ੁਸ਼ੀ ਤੇ ਰੌਣਕ ਦਾ ਇਕ ਬਾਗ ਲਹਿਰਾ ਰਿਹਾ ਹੁੰਦਾ ਸੀ ਅਤੇ ਆਪਦੇ ਚਿਹਰੇ ਦਾ ਅੰਗ ਅੰਗ ਮੁਸਕਰਾਹਟ ਦੀਆਂ ਲਹਿਰਾਂ ਸੁੱਟ ਰਿਹਾ ਹੁੰਦਾ ਸੀ । ਜਿਵੇਂ ਹੱਸ ਹੱਸ ਕੇ ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਗੱਲਾਂ ਸੁਣਦੇ ਅਤੇ ਜਿਵੇਂ ਪਾਸੇ ਬਦਲ ਬਦਲ ਕੇ ਦਾਦ ਦਿੰਦੇ ਉਹ ਸਨਮਾਨ ਯੋਗ ਦ੍ਰਿਸ਼ ਹੁੰਦਾ । ਉਸ ਦਾ ਥੋੜਾ ਜਿਹਾ ਰੰਗ ਮੈਂ ਕਿਸੇ ਵਿੱਚ ਦੇਖਿਆ ਤਾਂ ਉਹ ਹਾਫ਼ਜ਼ ਰੌਸ਼ਨ ਅਲੀ ਸਾਹਬ ਮਰਹੂਮ ਸਨ । ਭਾਵ ਮੌਲਵੀ ਅਬਦੁਲ ਕਰੀਮ ਸਾਹਬ ਮਰਹੂਮ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਵਿਸ਼ੇਸ਼ ਪ੍ਰੇਮ ਸੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਵੀ ਆਪ ਨਾਲ ਉਹੋ ਜਿਹੀ ਹੀ ਮੁਹਬੱਤ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹ ਤਰੀਕਾ ਸੀ ਕਿ ਮਗ਼ਰਿਬ ਦੀ ਨਮਾਜ਼ ਦੇ ਬਾਦ ਹਮੇਸ਼ਾ ਬੈਠ ਕੇ ਗੱਲਾ ਕਰਿਆ ਕਰਦੇ ਪਰ ਮੌਲਵੀ ਸਾਹਬ ਦੇ ਬਾਦ ਆਪ ਨੇ ਅਜਿਹਾ ਕਰਨਾ ਛੱਡ ਦਿਤੱਾ । ਕਿਸੇ ਨੇ ਬਿਨਤੀ ਕੀਤੀ ਕਿ ਹੁਣ ਬੈਠਦੇ ਨਹੀਂ ? ਤਾਂ ਫ਼ਰਮਾਇਆ ਕਿ ਮੌਲਵੀ ਅਬਦੁਲ ਕਰੀਮ ਸਾਹਬ ਦੀ ਥਾਂ ਖਾਲੀ ਦੇਖ ਕੇ ਕਸ਼ਟ ਹੁੰਦਾ ਹੈ ਹਾਲਾਂਕਿ ਕੌਣ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਵੱਧ

ਰੱਬ ਨੂੰ ਜੀਉਂਦਾ ਤੇ ਮੁੜ੍ਹ ਜੀਵਨ ਬਖ਼ਸ਼ਣ ਵਾਲਾ ਵਿਸ਼ਵਾਸ ਕਰਦਾ ਹੋਵੇ । ਸੋ, ਇਹ ਇਕ ਪੱਖੀ ਇਸ਼ਕ ਸਹੀਂ ਸੀ, ਆਪ ਅਲੈਹਿ ਸਲਾਮ ਨੂੰ ਆਪਣੇ ਸਹਾਬਾ ਨਾਲ ਬਹੁਤ ਪ੍ਰੇਮ ਸੀ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਕ ਹੋਰ ਸਹਾਬੀ ਹਜ਼ਰਤ ਮੁਨਸ਼ੀ ਅਰੋੜੇ ਖਾਂਨ ਸਾਹਬ ਆਪ ਦੇ ਪ੍ਰੇਮ ਦਾ ਵਰਨਣ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੁਨਸ਼ੀ ਅਰੋੜੇ ਖਾਂਨ ਸਾਹਬ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਇਸ਼ਕ ਸੀ । ਉਹ ਕਪੂਰਥਲੇ ਵਿੱਚ ਰਹਿੰਦੇ ਸਨ ਅਤੇ ਕਪੂਰਥਲਾ ਦੀ ਜਮਾਤ ਦੀ ਈਮਾਨਦਾਰੀ ਦੀ ਹਜ਼ਰਤ ਮਸੀਹ ਅਲੈਹਿ ਸਲਾਮ ਐਨ੍ਹੀ ਉਸਤਤੀ ਕਰਦੇ ਕਿ ਆਪ ਨੇ ਉਹਨਾਂ ਨੂੰ ਇਕ ਲਿਖਿਤ ਵੀ ਦੇ ਦਿੱਤੀ ਸੀ ਜੋ ਉਹਨਾਂ ਨੇ ਅਰਥਾਤ ਜਮਾਤ ਨੇ ਰੱਖੀ ਹੋਈ ਹੈ ਕਿ ਅਜਿਹੀ ਈਮਾਨਦਾਰੀ ਦਿਖਾਈ ਕਿ ਇਹ ਸਵਰਗਾਂ ਵਿੱਚ ਮੇਰੇ ਨਾਲ ਹੋਣਗੇ। ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਵਾਰ ਵਾਰ ਬਿਨਤੀ ਕਰਦੇ ਕਿ ਹਜ਼ੂਰ ਕਦੇ ਕਪੂਰਥਲਾ ਤਸ਼ਰੀਫ਼ ਲਿਆਉਣ । ਆਪ ਨੇ ਵਾਦਾ ਵੀ ਕੀਤਾ ਹੋਇਆ ਸੀ । ਜੱਦ ਮੌਕਾ ਹੋਵੇਗਾ ਆਵਾਂਗੇ । ਇਕ ਵਾਰ ਜੋ ਸਮਾਂ ਪ੍ਰਾਪਤ ਹੋਇਆ ਤਾਂ ਸੂਚਨਾ ਦੇਣ ਦਾ ਸਮਾਂ ਨਹੀਂ ਸੀ ਇਸ ਲਈ ਆਪ ਬਿਨਾ ਸੂਚਨਾ ਦਿੱਤਿਆਂ ਹੀ ਚੱਲ ਪਏ ਅਤੇ ਕਪੂਰਥਲਾ ਦੇ ਸਟੇਸ਼ਨ ਉਪੱਰ ਜੱਦ ਉਤਰੇ ਤਾਂ ਇਕ ਕਟੱੜ ਵਿਰੋਧੀ ਨੇ ਆਪ ਨੂੰ ਦੇਖਿਆ ਜੋ ਆਪ ਨੂੰ ਪਛਾਣਦਾ ਸੀ । ਭਾਵੇਂ ਉਹ ਵਿਰੋਧੀ ਪਰ ਵੱਡੇ ਮਨੁੱਖਾਂ ਦਾ ਇਕ ਰੋਹਬ ਹੁੰਦਾ ਹੈ । ਮੁਨਸ਼ੀ ਅਰੋੜੇ ਸਾਹਬ ਸੁਣਾਉਂਦੇ ਹਨ ਕਿ ਅਸੀਂ ਇਕ ਦੁਕਾਨ’ਤੇ ਬੈਠੇ ਗੱਲਾਂ ਕਰ ਰਹੇ ਸਨ ਕਿ ਉਹ ਦੌੜਿਆਂ ਦੌੜਿਆ ਆਇਆ ਅਤੇ ਕਹਿਣ ਲੱਗਾ ਕਿ ਤੁਹਾਡੇ ਮਿਰਜ਼ਾ ਸਾਹਬ ਆਏ ਹਨ । ਇਹ ਸੁਣ ਕੇ ਜੁੱਤੀ ਅਤੇ ਪਗੜੀ ਉੱਥੇ ਹੀ ਪਈ ਰਹੀ ਅਤੇ ਮੈਂ ਨੰਗੇ ਪੈਰ੍ਹੀਂ ਅਤੇ ਨੰਗੇ ਸਿਰ ਸਟੇਸ਼ਨ ਵੱਲ ਦੌੜਿਆ ਪਰ ਥੋੜੀ ਦੂਰ ਜਾਕੇ ਵਿਚਾਰ ਆਇਆ ਕਿ ਸਾਡੀ ਅਜਿਹੀ ਕਿਸਮਤ ਕਿੱਥੇ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਕੋਲ ਤਸ਼ਰੀਫ਼ ਲਿਆਉਣ । ਸੂਚਨਾ ਦੇਣ ਵਾਲਾ ਵਿਰੋਧੀ ਹੈ ਉਸ ਨੇ ਮਖ਼ੌਲ ਕੀਤਾ ਹੋਣਾ । ਇਸ’ਤੇ ਮੈਂ ਖੜੇ ਹੋਕੇ ਓਸਨੂੰ ਡਾਂਟਣਾ ਸ਼ੁਰੂ ਕਰ ਦਿੱਤਾ ਮੁਨਸ਼ੀ ਸਾਹਬ ਕਹਿੰਦੇ ਹਨ ਕਿ ਮੈਂ ਉਸਨੂੰ ਡਾਂਟਣਾ ਸ਼ੁਰੂ ਕਰ ਦਿੱਤਾ ਕਿ ਤੂੰ ਝੂਠ ਬੋਲਦਾ ਹੈਂ ਮਖ਼ੌਲ ਉਡਾਉਂਦਾ ਹੈਂ ਪਰ ਫਿਰ ਵਿਚਾਰ ਆਇਆ ਕਿ ਸੰਭਵਤਾ ਆ ਹੀ ਗਏ ਹੋਣ ਇਸ ਲਈ ਫਿਰ ਭੱਜਿਆ । ਫਿਰ ਵਿਚਾਰ ਆਇਆ ਕਿ ਸਾਡੀ ਅਜਿਹੀ ਕਿਸਮਤ ਨਹੀਂ ਹੋ ਸਕਦੀ ਅਤੇ ਫਿਰ ਉਸਨੂੰ ਕੋਸਣ ਲੱਗਾ । ਉਹ ਕਹੇ ਮੈਨੂੰ ਬੁਰਾ ਭਲਾ ਨ ਕਹੋ ਮੈਂ ਤੁਹਾਡੇ ਨਾਲ ਚਲਦਾ ਹਾਂ ਇਸ’ਤੇ ਫਿਰ ਉਹ ਚੱਲ ਪਏ । ਭਾਵ ਇਹ ਕਿ ਮੈਂ ਕਦੇ ਦੌੜਦਾ ਅਤੇ ਕਦੇ ਖੜੇ ਹੋ ਜਾਂਦਾ ਇਸੇ ਅਵਸਥਾ ਵਿੱਚ ਮੈਂ ਜਾ ਰਿਹਾ ਸੀ ਕਿ ਸਾਹਮਣੇ ਕੀ ਦੇਖਦਾ ਹਾਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤਸ਼ਰੀਫ਼ ਲਿਆ ਰਹੇ ਹਨ । ਤਾਂ ਇਹ ਜਨੂਨ ਹੋਣ ਵਾਲਾ ਪ੍ਰੇਮ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜੱਦ ਫ਼ੌਤ ਹੋਏ ਹਨ ਤਾਂ ਕੁਝ ਸਮੇਂ ਮਗਰੋਂ ਮੁਨਸ਼ੀ ਅਰੋੜੇ ਖ਼ਾਂਨ ਸਾਹਬ ਕਾਦੀਆਂ ਆ ਗਏ ਸਨ । ਇਕ ਵਾਰ ਆਪ ਨੇ ਮੈਨੂੰ ਸੰਦੇਸ਼ ਭੇਜਿਆ ਮੈਂ ਮਿਲਣਾ ਚਾਹੁੰਦਾ ਹਾਂ । ਮੈਂ ਜੱਦ ਉਹਨਾਂ ਨੂੰ ਮਿਲਣ ਲਈ ਬਾਹਰ ਆਇਆ ਤਾਂ ਮੈਂ ਦੇਖਿਆ ਕਿ ਉਹਨਾਂ ਦੇ ਹੱਥਾਂ ਵਿੱਚ ਦੋ ਜਾਂ ਤਿੰਨ ਅਸ਼ਰਫ਼ੀਆਂ ਸਨ ਜੋ ਉਹਨਾਂ ਨੇ ਮੈਨੂੰ ਇਹ ਕਹਿੰਦਿਆਂ ਹੋਇਆਂ ਦਿੱਤੀਆਂ ਕਿ ਅਮਾਂਜਾਨ ਨੂੰ ਦੇ ਦਿਓ ਮੈਨੂੰ ਇਸ ਸਮੇਂ ਚੇਤੇ ਨਹੀਂ ਕਿ ਉਹ ਕੀ ਕਿਹਾ ਕਰਦੇ ਸਨ ਪਰ ਅਮਾਂਜਾਨ ਜਾਂ ਅਮਾਂਜੀ ਬਹਿਰਹਾਲ ਮਾਂ ਦੇ ਭਾਵ ਦਾ ਸ਼ਬਦ ਜ਼ਰੂਰ ਸੀ । ਇਸ ਦੇ ਬਾਦ ਉਹਨਾ ਨੇ ਰੋਣਾ ਸ਼ੁਰੂ ਕਰ ਦਿੱਤਾ ਅਤੇ ਧਾਹਾਂ ਮਾਰ ਮਾਰ ਕੇ ਇਸ ਜ਼ੋਰ ਨਾਲ ਰੋਣ ਲੱਗੇ ਕਿ ਉਹਨਾਂ ਦਾ ਸਾਰਾ ਸ਼ਰੀਰ ਕੰਬ ਰਿਹਾ ਸੀ । ਭਾਂਵੇਂ ਮੈਨੂੰ ਇਹ ਵਿਚਾਰ ਸੀ ਕਿ ਹਜ਼ਰਤ ਮਸੀਹ ਮੌਊਦ ਅਲੈਹਿਸੱਲਾਮ ਦੀ ਯਾਦ ਉਹਨਾਂ ਨੂੰ ਰੁਆ ਰਹੀ ਹੋਵੇ ਪਰ ਉਹ ਕੁਝ ਇਸ ਪ੍ਰਕਾਰ ਦੀ ਬੇਇਖ਼ਤਿਆਰੀ ਨਾਲ ਰੋ ਰਹੇ ਸਨ ਕਿ ਮੈਂ ਸਮਝਿਆ ਇਸ ਵਿੱਚ ਕਿਸੇ ਹੋਰ ਗੱਲ ਦਾ ਵੀ ਦਖ਼ਲਾ ਹੈ । ਭਾਵ ਉਹ ਦੇਰ ਤੱਕ ਕੋਈ ਪੰਦਰ੍ਹਾਂ ਵੀਹ ਮਿੰਟ ਤੱਕ ਜਾਂ ਸਗੋਂ ਅੱਧੇ ਘੰਟੇ ਤੱਕ ਰੋਂਦੇ ਰਹੇ । ਮੈਂ ਪੁਛੱਦਾ ਰਿਹਾ ਕਿ ਕੀ ਗੱਲ ਹੈ, ਉਹ ਉਤੱਰ ਦੇਣਾ ਚਾਹੁੰਦੇ ਪਰ ਪਰ ਦੁੱਖ ਦੇ ਸਬਬ ਉੱਤਰ ਨ ਦਿੰਦੇ ਅੰਤ ਜੱਦ ਉਹਨਾਂ ਦੀ ਤਬੀਯਤ ਸੰਭਲੀ ਤਾਂ ਉਹਨਾਂ ਨੇ ਕਿਹਾ ਕਿ ਮੈਂ ਜੱਦ

ਬੈਅਤ ਕੀਤੀ ਸੀ ਉਸ ਸਮੇਂ ਮੇਰੀ ਤਨਖ਼ਵਾਹ ਸੱਤ ਰੁਪਏ ਸੀ ਆਪਣੇ ਖਰਚਿਆਂ ਵਿੱਚੋਂ ਹਰ ਤਰ੍ਹਾਂ ਤੰਗੀ ਕਰਕੇ ਇਸ ਦੇ ਲਈ ਕੁਝ ਨ ਕੁਝ ਬਚਾਉਂਦਾ ਤਾਂ ਜੋ ਆਪ ਕਾਦੀਆਂ ਜਾਕੇ ਹਜ਼ੂਰ ਦੇ ਸੇਵਾ ਵਿੱਚ ਪੇਸ਼ ਕਰਾਂ ਅਤੇ ਬਹੁਤਾ ਮਾਰਗ ਮੈਂ ਪੈਦਲ ਤੈਅ ਕਰਦਾ ਤਾਂ ਜੋ ਘੱਟ ਤੋਂ ਘੱਟ ਖ਼ਰਚ ਕਰਕੇ ਕਾਦੀਆਂ ਪਹੁੰਚ ਸਕਾਂ । ਫਿਰ ਤਰੱਕੀ ਹੋ ਗਈ ਅਤੇ ਨਾਲ ਹੀ ਹਿਰਸ ਵੀ ਵੱਧਦੀ ਗਈ ਅਰਥਾਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦੇਣ ਦੀ । ਅੰਤ ਮੇਰੇ ਮਨ ਵਿੱਚ ਇਛੱਾ ਪੈਦਾ ਹੋਈ ਕਿ ਮੈਂ ਹਜ਼ੂਰ ਦੀ ਸੇਵਾ ਵਿੱਚ ਸੋਨਾ ਨਜ਼ਰ (ਭੇਂਟ) ਕਰਾਂ ਪਰ ਜੱਦ ਥੋੜਾ ਥੋੜਾ ਕਰਕੇ ਕੁਝ ਜਮਾ ਕਰ ਲੈਂਦਾ ਤਾਂ ਫਿਰ ਘਬਰਾਹਟ ਜਿਹੀ ਪੈਦਾ ਹੁੰਦੀ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦੇਖਿਆਂ ਐਨ੍ਹਾ ਚਿਰ ਹੋ ਗਿਆ ਹੈ ਇਸ ਲਈ ਇਸ ਤੋਂ ਪਹਿਲਾਂ ਕਿ ਸੋਨਾ ਪ੍ਰਾਪਤ ਕਰਨ ਲਈ ਰਕਮ ਜਮਾਂ ਹੋਵੇ ਕਾਦੀਆਂ ਆ ਜਾਂਦਾ ਅਤੇ ਜੋ ਕੁਝ ਕੋਲ ਹੁੰਦਾ ਹਜ਼ੂਰ ਦੀ ਸੇਵਾ ਵਿੱਚ ਪੇਸ਼ ਕਰ ਦਿੰਦਾ । ਅੰਤ ਇਹ ਤਿੰਨ ਪਾਉਂਡ ਜਮਾ ਕੀਤੇ ਸਨ ਅਤੇ ਨਿਸ਼ਚਾ ਸੀ ਕਿ ਆਪ ਹਾਜ਼ਰ ਹੋਕੇ ਪੇਸ਼ ਕਰਾਂਗਾ ਕਿ ਆਪ ਦੀ ਵਫ਼ਾਤ ਹੋ ਗਈ । ਸੰਭਤਾਂ ਉਹਨਾਂ ਦੇ ਤੀਹ ਸਾਲ ਇਸ ਹਸਰਤ ਵਿੱਚ ਲੰਘ ਗਏ । ਉਹਨਾਂ ਨੇ ਇਸ ਲਈ ਮਿਹਨਤ ਵੀ ਕੀਤੀ ਪਰ ਜੱਦ ਤੌਫ਼ੀਕ ਮਿਲੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ੌਤ ਹੋ ਚੁਕੇ ਸਨ । ਇਹ ਸੀ ਲੋਕਾਂ ਦਾ ਅਖ਼ਲਾਸ (ਈਮਾਨਦਾਰੀ), ਵਫ਼ਾਦਾਰੀ ਅਤੇ ਕੁਰਬਾਨੀ ।

ਆਪਣੇ ਅੰਤਰਦ੍ਰਿਸ਼ਟ ਖ਼ੁਤਬਾ ਜੁਮਆ ਦੇ ਅੰਤ ਵਿੱਚ ਹਜ਼ੂਰ ਪੁਰ ਨੂਰ ਨੇ ਮੁਕਰੱਮ ਮੌਲਵੀ ਮੁਹਮੱਦ ਯੂਸੁਫ਼ ਸਾਹਬ ਦਰਵੇਸ਼ ਕਾਦੀਆਂ ਦਾ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਆਪ ਦੀਆਂ ਸੇਵਾਵਾਂ ਵਰਨਣ ਕੀਤੀਆਂ ।

**Khulasa Khutba 24.07.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131